ਸ਼੍ਰੋਮਣੀ ਅਕਾਲੀ ਦਲ ਦੇ 12 ਅਪ੍ਰੈਲ, 2025 ਨੂੰ ਅੰਮ੍ਰਿਤਸਰ ਵਿਖੇ ਹੋਏ ਸੂਬਾ ਡੈਲੀਗੇਟ ਇਜ਼ਲਾਸ ਵਿੱਚ ਪਾਸ ਕੀਤੇ ਗਏ ਮਤੇ।

Resolution NO-1

Amendments in Constitution of the party.

1. ** 6 will be replaced with ***6

OFFICE BEARERS

***6. Akali Jathas of the Shiromani Akali Dal shall have the following office bearers:

Sr. No	Designation	Total
1	Patron	1
2	Jathedar(President)	1
3	Senior Vice Presidents	8
4	Secretary General	1
5	General Secretary	12
6	Secretary	1
7	Treasurer	1

All above will be part of Working Committee

Note :Keeping in view the Organisational requirements the President may appoint other office bearer such as Vice Presidents, Organising Secretaries and Press Secretaries. But they will not be part of Working Committee.

2. **12 will be replaced with ***12.

WORKING COMMITTEE

***12. Working Committee will be of total 101 members only .

3. 5*G Number of State Delegates of Sangrur will be split between Sangrur and new district Malerkotla. Sangrur will get 20 and Malerkotla district will get 8 State Delegates.

ਮਤਾ ਨੰ-2
ਫੈਡਰਲਿਜ਼ਮ ਸਬੰਧੀ

ਅੱਜ ਦੀ ਇਹ ਇਕੱਤਰਤਾ ਦੇਸ਼ ਵਿੱਚ ਸਹੀ ਅਰਥਾ ਵਿੱਚ ਮੁਕੰਮਲ ਫੈਡਰਲ ਢਾਂਚੇ ਦੀ ਸਥਾਪਤੀ ਦੀ ਮੰਗ ਕਰਦੀ ਹੈ। ਸ਼੍ਰੋਮਣੀ ਅਕਾਲੀ ਦਲ ਸ਼ੁਰੂ ਤੋਂ ਲੈ ਕੇ ਅੱਜ ਤੱਕ ਆਪਣਾ ਇਹ ਵਿਸਵਾਸ਼ ਦੁਹਰਾਉਂਦਾ ਹੈ ਕਿ ਭਾਰਤ ਇੱਕ ਬਹੁ-ਧਰਮੀ, ਬਹੁ-ਭਸ਼ਾਈ, ਬਹੁ-ਨਸਲੀ ਅਤੇ ਬਹੁ- ਖੇਤਰੀ ਦੇਸ਼ ਹੈ ਜਿਸ ਦੀ ਬਹੁਰੰਗੀ ਅਨੇਕਤਾ ਹੀ ਇਸ ਦੀ ਵਿਲੱਖਣਤਾ ਹੈ। ਇਸ ਲਈ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਬੀ.ਆਰ ਅੰਬੇਦਕਰ ਜੀ ਨੇ ਫੈਡਰਲ ਢਾਚੇ ਦੀ ਸਥਾਪਤੀ ਰਾਹੀਂ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਜਰੂਰਤ ਉੱਤੇ ਸਭ ਤੋਂ ਵੱਧ ਜੋਰ ਦਿੱਤਾ ਸੀ। ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਹੀ ਰਾਜਾਂ ਨੂੰ ਵੱਧ ਅਧਿਕਾਰ ਦੇ ਕੇ ਦੇਸ਼ ਵਿੱਚ ਸਹੀ ਅਰਥਾ ਵਿੱਚ ਫੈਡਰਲ ਢਾਚੇ ਦੀ ਸਥਾਪਤੀ ਲਈ ਲੰਬੇ, ਪੁਰ ਅਮਨ ਅਤੇ ਲੋਕ ਰਾਜੀ ਸੰਘਰਸ਼ ਕਰਦਾ ਆਇਆ ਹੈ, ਹਾਲਾਂ ਕਿ ਇਸ ਲਈ ਪਾਰਟੀ ਨੂੰ ਬੇਸ਼ੁਮਾਰ ਕੁਰਬਾਨੀਆਂ ਦੇਣੀਆਂ ਪਈਆਂ, ਕਿਉਂ ਕੇ ਪਾਰਟੀ ਦਾ ਇਹ ਵਿਸਵਾਸ਼ ਹੈ ਕਿ ਰਾਜਾਂ ਦੇ ਮਜਬੂਤ ਹੋਣ ਨਾਲ ਹੀ ਦੇਸ਼ ਮਜਬੂਤ ਹੁੰਦਾ ਹੈ। ਭਾਰਤ ਨੂੰ ਦੁਨੀਆਂ ਦੀ ਸਭ ਤੋਂ ਵੱਡੀ ਤਾਕਤ ਬਣਾਉਣ ਲਈ ਦੇਸ਼ ਨੂੰ ਫੈਡਰਲ ਢਾਂਚੇ ਉੱਤੇ ਸਥਾਪਤ ਕਰਨਾ ਲਾਜਮੀ ਹੈ।

ਪਰ ਅੱਜ ਜਿਸ ਤਰੀਕੇ ਕੇਂਦਰ ਦੀਆਂ ਸਰਕਾਰਾਂ ਵੱਲੋਂ ਲਗਾਤਾਰ ਸੂਬਿਆਂ ਦੇ ਹੱਕਾਂ ਤੇ ਡਾਕੇ ਮਾਰੇ ਜਾ ਰਹੇ ਹਨ, ਉਹ ਦੇਸ਼ ਵਾਸਤੇ ਇੱਕ ਵੱਡੀ ਚਿੰਤਾ ਦਾ ਵਿਸ਼ਾ ਹੈ ਜਿਸ ਦਾ ਸ਼੍ਰੋਮਣੀ ਅਕਾਲੀ ਦਲ ਡੱਟ ਕੇ ਵਿਰੋਧ ਕਰਦਾ ਹੈ। ਦੇਸ਼ ਦੀ ਮਜਬੂਤੀ ਲਈ ਜਰੂਰੀ ਹੈ ਕਿ ਕੇਂਦਰ ਸ਼ਕਤੀਆਂ ਦਾ ਵਿਕੇਂਦਰੀਕਰਨ ਕੀਤਾ ਜਾਵੇ। ਸ਼੍ਰੋਮਣੀ ਅਕਾਲੀ ਦਲ ਨੇ ਪਹਿਲਾਂ ਬਟਾਲਾ ਵਿਖੇ, ਫਿਰ 1978 ਵਿੱਚ ਲੁਧਿਆਣਾ ਵਿੱਚ ਆਲ ਇੰਡੀਆ ਅਕਾਲੀ ਕਾਨਫਰੰਸਾਂ ਵਿੰਚ ਪਾਸ ਕੀਤੇ ਗਏ ਮਤਿਆ ਵਿੰਚ ਵੀ ਫੈਡਰਲ ਢਾਂਚੇ ਨੂੰ ਸਹੀ ਰੂਪ ਵਿੱਚ ਲਾਗੂ ਕਰਨ ਲਈ ਇਤਿਹਾਸਕ ਮਤੇ ਪਾਸ ਕੀਤੇ। ਅੱਜ ਵੀ ਦਲ ਮਹਿਸੂਸ ਕਰਦਾ ਹੈ ਕਿ ਸਾਰੀਆਂ ਖੇਤਰੀ ਪਾਰਟੀਆਂ ਨੂੰ ਰਲ ਕੇ ਹੰਭਲਾ ਮਾਰਨ ਦੀ ਲੋੜ ਹੈ ਕਿ ਦੇਸ਼ ਵਿੱਚ ਫੈਡਰਲ ਢਾਂਚੇ ਨੂੰ ਖਤਮ ਕਰਨ ਦੀਆਂ ਸਾਜਿਸ਼ਾਂ ਨੂੰ ਨੱਥ ਪਾਈ ਜਾਵੇ।

ਮਤਾ ਨੰ-3
ਚੰਡੀਗੜ੍ਹ ਸਬੰਧੀ

ਇਹ ਇਕੱਤਰਤਾ ਚੰਡੀਗੜ੍ਹ ਸਮੇਤ ਪੰਜਾਬ ਦੇ ਸਾਰੇ ਉਹਨਾਂ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਵਿੱਚ ਸ਼ਾਮਿਲ ਕਰਨ ਦੀ ਪੁਰਜੋਰ ਮੰਗ ਨੂੰ ਮੁੜ ਦਹੁਰਾਉਂਦਾ ਹੈ ਜਿੰਨ੍ਹਾਂ ਨੂੰ ਕਿ ਕਾਂਗਰਸੀ ਸਰਕਾਰਾ ਵੱਲੋਂ ਗਿਣੀ ਮਿਥੀ ਸਾਜਸ਼ ਅਧੀਨ ਪੰਜਾਬ ਤੋਂ ਬਾਹਰ ਰੱਖਿਆ ਗਿਆ। ਇਹ ਇੱਕਤਰਤਾ ਕੇਂਦਰ ਸਰਕਾਰ ਵੱਲੋਂ ਪੰਜਾਬ ਦੀ ਆਮ ਆਦਮੀ ਪਾਰਟੀ ਨਾਲ ਮਿਲੀਭੁਗਤ ਕਰਕੇ ਚੰਡੀਗੜ੍ਹ ਨੂੰ ਪੱਕੀ ਯੂ.ਟੀ ਬਣਾਉਣ ਦੀਆਂ ਸਾਜਿਸ਼ਾਂ ਦੀ ਸਖਤ ਲਫਜਾਂ ਵਿੱਚ ਨਿਖੇਧੀ ਕਰਦੀ ਹੈ। ਜਿਸ ਤਰੀਕੇ ਹਰਿਆਣਾਂ ਨੂੰ ਚੰਡੀਗੜ੍ਹ ਵਿੱਚ ਵੱਖਰੀ ਵਿਧਾਨ ਸਭਾ ਲਈ ਜਗ੍ਹਾ ਅਲਾਟ ਕਰਨ, ਹਰਿਆਣੇ ਦੇ ਕਾਲਜ਼ਾਂ ਨੂੰ ਦੋਬਾਰਾ ਪੰਜਾਬ ਯੂਨੀਵਰਸਿਟੀ ਨਾਲ ਜੋੜਨ,ਪੰਜਾਬ ਦੇ ਚੰਡੀਗੜ੍ਹ ਵਿੱਚ ਤਾਇਨਾਤ ਅਧਿਕਾਰੀਆਂ ਉਪਰ ਧੱਕੇ ਨਾਲ ਡੈਪੂਟੇਸ਼ਨ ਦੀ ਮਿਆਦ ਦਾ ਸਮਾ ਫਿਕਸ ਕਰਨ ਅਤੇ ਚੰਡੀਗੜ੍ਹ ਵਿੱਚ ਪ੍ਰਸ਼ਾਸਕ ਦਾ ਅਹੁਦਾ ਖਤਮ ਕਰਕੇ ਮੁੱਖ ਸਕੱਤਰ ਲਗਾਇਆ ਗਿਆ ਹੈ ਇਹ ਪੰਜਾਬ ਪੁਨਰਗਠਨ ਐਕਟ, 1966 ਅਤੇ ਪੰਜਾਬ ਨਾਲ ਉਸ ਸਮੇਂ ਕੀਤੇ ਗਏ ਵਾਅਦਿਆਂ ਦੇ ਖਿਲਾਫ

ਹੈ। ਇਹ ਇਕੱਤਰਤਾ ਉਪਰੋਕਤ ਸਾਰੀਆਂ ਪੰਜਾਬ ਵਿਰੋਧੀ ਸਾਜਿਸ਼ਾ ਦਾ ਡੱਟ ਕੇ ਵਿਰੋਧ ਕਰਦੀ ਹੈ ਅਤੇ ਇਸ ਗੱਲ ਉੱਪ ਦ੍ਰਿੜ ਹੈ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ ਅਤੇ ਇਸ ਨੂੰ ਤੁਰੰਤ ਪੰਜਾਬ ਦੇ ਹਵਾਲੇ ਕੀਤਾ ਜਾਣਾ ਚਾਹੀਦਾ ਹੈ।

ਇਸ ਦੇ ਨਾਲ ਨਾਲ ਇਹ ਇਕੱਤਰਤਾ ਇਹ ਮੰਗ ਵੀ ਕਰਦੀ ਹੈ ਕਿ ਚੰਡੀਗੜ੍ਹ ਨੂੰ ਪੰਜਾਬ ਦੇ ਸਪੁਰਦ ਕੀਤੇ ਜਾਣ ਤੱਕ ਉੱਥੇ ਮੁਲਾਜਮਾਂ/ਅਧਿਕਾਰੀਆਂ ਦੀ ਤਾਇਨਾਤੀ ਵਿੱਚ ਪੰਜਾਬ ਅਤੇ ਹਰਿਆਣਾ ਦਰਮਿਆਨ 60:40 ਦੀ ਅਨੁਪਾਤ ਕਾਇਮ ਰੱਖੀ ਜਾਵੇ।

ਮਤਾ ਨੰ-4
ਪੰਜਾਬ ਦੇ ਪਾਣੀਆਂ ਸਬੰਧੀ।

ਅੱਜ ਦੀ ਇਹ ਇਕੱਤਰਤਾ ਕੇਂਦਰ ਸਰਕਾਰ ਤੋਂ ਮੰਗ ਕਰਦੀ ਹੈ ਕਿ ਪੰਜਾਬ ਦੇ ਦਰਿਆਈ ਪਾਣੀਆਂ ਉੱਤੇ ਕੇਂਦਰ ਨੂੰ ਫੈਸਲਾ ਕੇਵਲ ਤੇ ਕੇਵਲ ਰਿਪੇਰੀਅਨ ਅਸੂਲ ਦੇ ਅਧਾਰ 'ਤੇ ਹੀ ਕੀਤਾ ਜਾਵੇ। ਇਸ ਅਸੂਲ ਨੂੰ ਕੇਵਲ ਪੰਜਾਬ ਵਿਚ ਹੀ ਭੰਗ ਕੀਤਾ ਗਿਆ ਹੈ, ਜੋ ਪੰਜਾਬੀਆਂ ਨੂੰ ਕਤਾਹੀ ਮਨਜੂਰ ਨਹੀਂ ਹੈ। ਇਹ ਇਕੱਤਰਤਾ ਪੰਜਾਬ ਦੇ ਦਰਿਆਈ ਪਾਣੀਆਂ ਦੇ ਮਸਲੇ ਉੱਤੇ ਕਾਂਗਰਸ ਦੀ ਕੇਂਦਰ ਤੇ ਸੂਬਾਈ ਸਰਕਾਰਾਂ ਵੱਲੋਂ ਕੀਤੇ ਸਾਰੇ ਫੈਸਲਿਆਂ ਤੇ ਸਮਝੌਤਿਆਂ ਨੂੰ ਮੂਲੋਂ ਰੱਦ ਕਰਦੀ ਹੈ। ਇਹਨਾਂ ਵਿਚੋਂ ਕੋਈ ਵੀ ਸਮਝੌਤਾ ਪੰਜਾਬ ਵਿਧਾਨ ਸਭਾ ਵੱਲੋਂ ਮਨਜੂਰ ਨਹੀਂ ਕੀਤਾ ਗਿਆ। ਇਹ ਇਕੱਤਰਤਾ ਕੇਂਦਰ ਸਰਕਾਰ ਤੋਂ ਮੰਗ ਕਰਦੀ ਹੈ ਕਿ ਪੰਜਾਬ ਦੇ ਦਰਿਆਈ ਪਾਣੀਆਂ ਦੇ ਮਸਲੇ ਨਵੇਂ ਸਿਰਿਓ ਤੇ ਕੇਵਲ ਤੇ ਕੇਵਲ ਰਿਪੇਰੀਅਨ ਅਸੂਲ ਦੇ ਅਧਾਰ 'ਤੇ ਰੱਦ ਕੀਤੇ ਜਾਣ। ਇਸ ਤੋਂ ਇਸਦਾ ਹੋਰ ਕੋਈ ਵੀ ਫੈਸਲਾ ਪੰਜਾਬ ਨੂੰ ਤੇ ਪੰਜਾਬੀਆਂ ਨੂੰ ਕਦੇ ਵੀ ਮਨਜੂਰ ਨਹੀਂ ਹੋਵੇਗਾ ਤੇ ਸ਼੍ਰੋਮਣੀ ਅਕਾਲੀ ਦਲ ਅਜਿਹੇ ਕਿਸੇ ਵੀ ਫੈਸਲੇ ਦਾ ਡੱਟ ਕੇ ਵਿਰੋਧ ਕਰੇਗਾ।

ਮਤਾ ਨੰ-5
ਪੰਜਾਬੀ ਮਾਂ ਬੋਲੀ ਸਬੰਧੀ।

ਅੱਜ ਦੀ ਇਹ ਇਕੱਤਰਤਾ ਪੰਜਾਬ ਸਰਕਾਰ ਪਾਸੋਂ ਖਾਸ ਤੌਰ 'ਤੇ ਮੰਗ ਕਰਦਾ ਹੈ ਕਿ ਪੰਜਾਬ ਵਿਚ ਸਾਰੇ ਸਰਕਾਰੀ ਦਫਤਰਾਂ ਵਿਚ ਕੰਮ ਕਾਜ ਪੰਜਾਬੀ ਭਾਸ਼ਾ ਵਿਚ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਲਈ ਉਚੇਚੇ ਅਤੇ ਸਾਰਥਿਕ ਯਤਨ ਕੀਤੇ ਜਾਣ। ਸ਼੍ਰੋਮਣੀ ਅਕਾਲੀ ਦਲ ਦੀ ਅੱਜ ਦੀ ਇਹ ਇਕੱਤਰਤਾ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੀ ਹੈ ਕਿ ਮਾਂ ਬੋਲੀ ਪੰਜਾਬੀ ਨਾਲ ਪੰਜਾਬ ਅਤੇ ਚੰਡੀਗੜ੍ਹ ਵਿਚ ਹੀ ਵਿਤਕਰਾ ਤੇ ਵੱਖਰੇਵਾਂ ਕੀਤਾ ਜਾ ਰਿਹਾ ਹੈ। ਪੰਜਾਬ ਦੇ ਵਾਸੀਆਂ ਦੀ ਤਰਾਸਦੀ ਹੈ ਕਿ ਉਹ ਆਪਣੀ ਮਾਂ ਬੋਲੀ ਨਾਲ ਵਿਤਕਰਾ/ਵੱਖਰੇਵਾਂ ਕਰਦੇ ਹੋਏ ਆਪਣੇ ਵਿੱਦਿਅਕ ਅਤੇ ਵਿੱਤੀ ਅਦਾਰਿਆਂ 'ਤੇ ਪੰਜਾਬੀ ਦੀ ਥਾਂ ਹਿੰਦੀ ਅਤੇ ਅੰਗਰੇਜ਼ੀ ਦੀ ਵਰਤੋਂ ਕਰ ਰਹੇ ਹਨ।

ਅੱਜ ਦੀ ਇਹ ਇਕੱਤਰਤਾ ਭਾਰਤ ਸਰਕਾਰ ਤੋਂ ਮੰਗ ਕਰਦੀ ਹੈ ਕਿ ਪੰਜਾਬ, ਚੰਡੀਗੜ੍ਹ ਤੇ ਇਸ ਦੇ ਨਾਲ ਲੱਗਦੇ ਹਰਿਆਣਾ, ਹਿਮਾਚਲ, ਜੰਮੂ ਕਸ਼ਮੀਰ, ਦਿੱਲੀ ਅਤੇ ਹੋਰ ਪੰਜਾਬੀ ਵੱਸੋਂ ਵਾਲੇ ਸੂਬਿਆਂ ਵਿਚ ਪੰਜਾਬੀ ਭਾਸ਼ਾ ਨੂੰ ਬਣਦਾ ਮਾਣ-ਸਤਿਕਾਰ ਦਿਵਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣ। ਅੱਜ ਦੀ ਇਹ

ਇਕੱਤਰਤਾ ਸਮੁੱਚੇ ਪੰਜਾਬੀਆਂ ਨੂੰ ਵੀ ਅਪੀਲ ਕਰਦੀ ਹੈ ਕਿ ਉਹ ਆਪਣੀ ਮਾਂ-ਬੋਲੀ ਪੰਜਾਬੀ ਨਾਲ ਜੁੜ ਕੇ ਬੋਲ-ਚਾਲ ਤੇ ਲਿਖਤ ਵਿਚ ਪੰਜਾਬੀ ਭਾਸ਼ਾ ਨੂੰ ਸਨਮਾਨਯੋਗ ਰੁਤਬਾ ਦੇਣ।

ਮਤਾ ਨੰ-6

ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਸਰਕਾਰੀ ਦਖਲਅੰਦਾਜ਼ੀ ਸਬੰਧੀ।

ਅੱਜ ਦੀ ਇਹ ਇਕੱਤਰਤਾ ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਸਿੱਖਾਂ ਦੇ ਧਾਰਮਿਕ ਮਾਮਲਿਆਂ ਅਤੇ ਸਿੱਖ ਸੰਸਥਾਵਾਂ ਵਿੱਚ ਕੀਤੀ ਜਾ ਰਹੀ ਨੰਗੀ ਚਿੱਟੀ ਦਖਲ ਅੰਦਾਜੀ ਦੀ ਸਖਤ ਲਫਜਾਂ ਵਿੱਚ ਨਿਖੇਧੀ ਕਰਦੀ ਹੈ । ਇਹ ਇੱਕ ਖਤਰਨਾਕ ਰੁਝਾਨ ਹੈ ਜਿਸ ਨੂੰ ਤੁਰੰਤ ਰੋਕਿਆ ਜਾਣਾ ਚਾਹੀਦਾ ਹੈ । ਪਹਿਲਾਂ ਕਾਂਗਰਸ ਦੀਆਂ ਕੇਂਦਰੀ ਅਤੇ ਰਾਜ ਸਰਕਾਰਾਂ ਵੇਲੇ ਵੀ ਲਗਾਤਾਰ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਹਨ ਕਿ ਸਿੱਖ ਘੱਟ ਗਿਣਤੀ ਦੀਆਂ ਧਾਰਮਿਕ ਸੰਸਥਾਵਾਂ ਉਪਰ ਕਬਜੇ ਕਰਕੇ ਮਨਮਰਜੀ ਦੀ ਮਰਿਆਦਾ ਲਾਗੂ ਕੀਤੀ ਜਾ ਸਕੇ। ਪਰ ਹੁਣ ਦਖਲ ਅੰਦਾਜ਼ੀ ਦੀਆਂ ਸਾਰੀਆਂ ਹੱਦਾਂ ਉਲੰਘ ਚੁੱਕੀਆਂ ਹਨ। ਪਹਿਲਾਂ ਕੇਂਦਰ ਸਰਕਾਰਾਂ ਵੱਲੋਂ ਤਖਤ ਸੱਚਖੰਡ ਸ਼੍ਰੀ ਹਜੂਰ ਸਾਹਿਬ ਅਤੇ ਤਖਤ ਸਚਖੰਡ ਹਰਿੰਮਦਰ ਪਟਨਾ ਸਾਹਿਬ ਜੀ ਦੇ ਕਾਨੂੰਨਾਂ ਵਿੱਚ ਸੋਧਾਂ ਕਰਕੇ ਸਰਕਾਰੀ ਨੁੰਮਾਇਦਗੀ ਵਧਾਉਣ ਦੇ ਕੋਝੇ ਹੱਥਕੰਡੇ ਵਰਤੇ ਗਏ, ਫੇਰ ਦਿੱਲੀ ਦੀ ਚੁਣੀ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੇਂਟ ਕਮੇਟੀ ਨੂੰ ਧੱਕੇ ਨਾਲ ਸਰਕਾਰੀ ਸ਼ਕਤੀ ਦਾ ਦੁਰਉਪਯੋਗ ਕਰਕੇ ਬੀ.ਜੇ.ਪੀ ਦੇ ਅਧੀਨ ਕਰ ਲਿਆ ਗਿਆ। ਏਸੇ ਤਰਾਂ ਸਿੱਖਾਂ ਦੀ ਸਿਰਮੌਰ ਸੰਸਥਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜ ਕੇ ਕਾਂਗਰਸ, ਬੀ.ਜੀ.ਪੀ ਅਤੇ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਨੇ ਹਰਿਆਣਾ ਦੀ ਵੱਖਰੀ ਕਮੇਟੀ ਕਾਇਮ ਕਰ ਦਿੱਤੀ। ਇਸ ਤੋਂ ਬਾਅਦ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਜਨਰਲ ਚੋਣਾਂ ਵਿੱਚ ਖੁੱਲੀ ਨੰਗੀ ਚਿੱਟੀ ਦਖਲਅੰਦਾਜੀ ਦੇਖਣ ਨੂੰ ਮਿਲੀ।

ਇਹ ਇਕੱਤਰਤਾ ਸੂਬਾ ਅਤੇ ਕੇਂਦਰ ਸਰਕਾਰ ਨੂੰ ਤਾੜਨਾ ਕਰਦੀ ਹੈ ਕਿ ਉਹ ਸਿੱਖਾਂ ਦੇ ਧਾਰਮਿਕ ਮਸਲਿਆਂ ਵਿੱਚ ਉਪਰੋਕਤ ਦਖਲ ਅੰਦਾਜੀ ਤੁਰੰਤ ਬੰਦ ਕਰੇ ਨਹੀਂ ਤਾਂ ਇਹਨਾਂ ਨੂੰ ਪੰਥਕ ਰੋਹ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।

ਮਤਾ-7
ਸੂਬੇ ਵਿੱਚ ਗੈਰ ਸੰਵਿਧਾਨਿਕ ਸ਼ਕਤੀਆਂ ਦੇ ਰਾਜ ਸਬੰਧੀ

ਅੱਜ ਦੀ ਇਹ ਇਕੱਤਰਤਾ ਇਸ ਗੱਲ ਉਪਰ ਗਹਿਰੀ ਚਿੰਤਾ ਦਾ ਪ੍ਰਗਟਾਵਾ ਕਰਦੀ ਹੈ ਕਿ ਪੰਜਾਬ ਵਿੱਚ ਸੰਵਿਧਾਨਕ ਵਿਵਸਥਾ ਅਸਤ-ਵਿਅਸਥ ਹੋ ਚੁੱਕੀ ਹੈ ਅਤੇ ਸੂਬੇ ਦੇ ਮੁੱਖ ਮੰਤਰੀ ਨੇ ਆਪਣੀਆਂ ਕਮਜੋਰੀਆਂ ਕਰਕੇ ਸੂਬੇ ਦਾ ਰਾਜ ਭਾਗ ਅਸਿੱਧੇ ਤਰੀਕੇ ਨਾਲ ਦਿੱਲੀ ਤੋਂ ਆਈ ਧਾੜਵੀਆਂ ਦੀ ਟੀਮ ਦੇ ਹਵਾਲੇ ਕਰ ਦਿੱਤਾ ਹੈ। ਇਹ ਬੜੀ ਸ਼ਰਮਨਾਕ ਗੱਲ ਹੈ ਕਿ ਲੋਕਾਂ ਦੀ ਚੁਣੀ ਹੋਈ ਸਰਕਾਰ ਦੀ ਸ਼ਕਤੀ ਗੈਰ ਕਾਨੂੰਨੀ ਤਰੀਕੇ ਨਾਲ ਦਿੱਲੀ ਤੋਂ ਸਾਬਕਾ ਮੁੱਖ ਮੰਤਰੀ ਅਰਵਿੰਦਰ ਕੇਜਰੀਵਾਲ ਅਤੇ ਉਸਦੀ ਜੁੰਡਲੀ ਨੇ ਧੱਕੇ ਨਾਲ ਆਪਣੇ ਅਧੀਨ ਕਰ ਲਈ ਹੈ। ਅੱਜ ਪੰਜਾਬ ਦੇ ਮੁੱਖ ਮੰਤਰੀ ਅਤੇ ਮੰਤਰੀ ਸਹਿਬਾਨ ਦਿੱਲੀ ਵਿੱਚ ਭ੍ਰਿਸ਼ਟਾਚਾਰ ਦੇ ਵੱਡੇ ਸਕੈਂਡਲਾਂ ਜਮਾਨਤਾਂ 'ਤੇ ਵਿੱਚੋਂ ਰਿਹਾਅ ਹੋ ਕੇ ਆਏ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ, ਸਤੇਂਦਰ ਜੈਨ ਵਰਗੇ ਲੋਕਾਂ ਦੇ ਪਿਛਲੱਗ ਬਣੇ ਘੁੰਮ ਰਹੇ ਹਨ। ਗੈਰ ਸੰਵਿਧਾਨਕ ਸੱਤਾ ਦੇ ਕੇਂਦਰ

ਸਰਕਾਰੀ ਫਾਇਲਾਂ ਦੀ ਨਜਰਸਾਨੀ ਕਰਕੇ ਸੰਵਿਧਾਨ ਅਨੁਸਾਰ ਸਰਕਾਰੀ ਭੇਦ ਗੁਪਤ ਰੱਖਣ ਦੀ ਸਹੁੰ ਦੀਆਂ ਧੱਜੀਆਂ ਉਡਾ ਰਹੇ ਹਨ। ਇਹ ਇਕੱਤਰਤਾ ਸਮੂਹ ਪੰਜਾਬੀਆਂ ਨੂੰ ਇਹਨਾਂ ਧਾੜਵੀਆਂ ਤੋਂ ਮੁਕਤ ਕਰਾਉਣ ਲਈ ਇਕਜੁੱਟ ਹੋਣ ਦਾ ਸੱਦਾ ਦਿੰਦੀ ਹੈ।

ਮਤਾ ਨੰ 8
ਅਮਨ ਅਤੇ ਕਾਨੂੰਨ ਦੀ ਸਥਿਤੀ ਸਬੰਧੀ।

ਅੱਜ ਦੀ ਇਹ ਇਕੱਤਰਤਾ ਪੰਜਾਬ ਵਿੱਚ ਅਮਨ ਕਾਨੂੰਨ ਦੀ ਤਰਸਯੋਗ ਹਾਲਤ ਤੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਰਕਦੀ ਹੈ। ਇਹ ਬੜੀ ਗੰਭੀਰ ਸਥਿਤੀ ਹੈ ਕਿ ਸੂਬੇ ਵਿੱਚ ਕਾਨੂੰਨ ਦਾ ਰਾਜ ਖਤਮ ਹੋ ਚੁੱਕਿਆ ਹੈ ਅਤੇ ਲੁੱਟਾਂ ਖੋਹਾਂ, ਕਤਲ ਅਤੇ ਫਿਰੌਤੀਆਂ ਦਾ ਦੌਰ ਅੰਨੇਵਾਹ ਜਾਰੀ ਹੈ। ਜਿਸ ਤਰ੍ਹਾਂ ਪੁਲਿਸ ਚੌਕੀਆਂ ਅਤੇ ਥਾਣਿਆਂ ਉਪਰ ਗ੍ਰਨੇਡ ਨਾਲ ਹਮਲੇ ਹੋ ਰਹੇ ਹਨ ਅਤੇ ਜਿਸ ਤਰੀਕੇ ਧਾਰਮਿਕ ਅਸਥਾਨਾਂ ਅਤੇ ਰਾਜਨੀਤਕ ਹਸਤੀਆਂ ਨੂੰ ਟਾਰਗੇਟ ਕਰਕੇ ਵੱਡੇ ਹਮਲੇ ਕੀਤੇ ਜਾ ਰਹੇ ਹਨ ਉਸ ਤੋਂ ਸਪਸ਼ਟ ਅੰਦਾਜ਼ਾ ਲੱਗ ਜਾਂਦਾ ਹੈ ਕਿ ਇੱਕ ਡੂੰਘੀ ਸਾਜਿਸ਼ ਪੰਜਾਬ ਦੇ ਅਮਨ, ਸ਼ਾਤੀ, ਸਦਭਾਵਨਾ ਦੇ ਮਾਹੌਲ ਨੂੰ ਲਾਬੂੰ ਲਾਉਣ ਦੀ ਰਚੀ ਜਾ ਰਹੀ ਹੈ। ਇਹਨਾਂ ਘਟਨਾਵਾਂ ਨੂੰ ਅਗਰ ਡਾ. ਬੀ.ਆਰ ਅੰਬੇਦਕਰ ਸਾਹਿਬ ਵਰਗੀ ਦੇਸ਼ ਦੀ ਮਹਾਨ ਸਖਸ਼ੀਅਤ ਦੇ ਬੁੱਤਾਂ ਨਾਲ ਲਗਾਤਾਰ ਛੇੜਛਾੜ ਨੂੰ ਜੋੜ ਕੇ ਦੇਖਿਆ ਜਾਵੇ ਤਾਂ ਸਥਿਤੀ ਹੋਰ ਵੀ ਗੁੰਝਲਦਾਰ ਬਣਦੀ ਨਜ਼ਰ ਆ ਰਹੀ ਹੈ। ਵਿਦੇਸ਼ ਤੋਂ ਇਹਨਾਂ ਘਟਨਾਵਾਂ ਸਬੰਧੀ ਵੀਡੀਓ ਤੇ ਕੁਝ ਦੇਸ਼ ਵਿਰੋਧੀ ਤੱਤਾਂ ਵੱਲੋਂ ਧਮਕੀਆਂ ਮਿਲ ਰਹੀਆਂ ਹਨ। ਇਹ ਤੱਥਾਂ ਦੇ ਹੋਰ ਗੰਭੀਰ ਹੋਣ ਦੀ ਗਵਾਹੀ ਭਰਦੀਆਂ ਹਨ। ਇਹ ਇਕੱਤਰਤਾ ਸੂਬਾ ਅਤੇ ਕੇਂਦਰ ਸਰਕਾਰਾਂ ਨੂੰ ਤਾੜਨਾ ਕਰਦੀ ਹੈ ਕਿ ਉਹ ਸਰਹੱਦੀ ਸੂਬੇ ਪੰਜਾਬ ਨੂੰ ਫੇਰ ਤੋਂ ਹਨੇਰੇ ਵੱਲ ਧੱਕਣ ਦੀ ਕੋਸ਼ਿਸ ਕਰ ਰਹੀਆਂ ਇਹਨਾਂ ਸ਼ਕਤੀਆਂ ਦੀ ਪਹਿਚਾਣ ਕਰਕੇ ਸਖਤ ਕਾਰਵਾਈ ਕਰਨ ਤਾਂ ਜੋ ਫਿਰ ਤੋਂ ਪੰਜਾਬ ਨੂੰ ਭੱਠੀ ਵਿੱਚ ਝੋਕਣ ਦੇ ਮਨਸੂਬੇ ਫੇਲ ਕੀਤੇ ਜਾ ਸਕਣ।

ਮਤਾ ਨੰ-9
ਵਕਫ ਐਕਟ ਵਿੱਚ ਹੋਈਆਂ ਸੋਧਾਂ ਸਬੰਧੀ

ਅੱਜ ਦੀ ਇਹ ਇਕੱਤਰਤਾ ਪਿਛਲੇ ਦਿਨੀ ਕੇਂਦਰ ਸਰਕਾਰ ਵੱਲੋਂ ਵਾਕਫ ਐਕਟ ਵਿੱਚ ਕੀਤੀਆਂ ਗਈਆਂ ਸੋਧਾਂ ਦੀ ਕਰੜੀ ਅਲੋਚਨਾਂ ਕਰਦੀ ਹੈ ਅਤੇ ਮੰਗ ਕਰਦੀ ਹੈ ਕਿ ਮੁਸਲਿਮ ਘੱਟ ਗਿਣਤੀ ਭਾਈਚਾਰੇ ਦੀਆਂ ਭਾਵਨਾਵਾਂ ਅਤੇ ਉਨ੍ਹਾਂ ਦੇ ਧਾਰਮਿਕ ਹੱਕਾਂ ਨੂੰ ਮੁੱਖ ਰੱਖਦਿਆਂ ਇਹ ਸੋਧਾਂ ਤੁਰੰਤ ਵਾਪਸ ਹੋਣੀਆਂ ਚਾਹੀਦੀਆਂ ਹਨ। ਇਹ ਇਕੱਤਰਤਾ ਮਹਿਸੂਸ ਕਰਦੀ ਹੈ ਕਿ ਕਿਸੇ ਵੀ ਧਰਮ ਦੀਆਂ ਧਾਰਮਿਕ ਸੰਸਥਾਵਾਂ ਦੇ ਪ੍ਰਬੰਧ ਕਰਨ ਦਾ ਬੁਨਿਆਦੀ ਹੱਕਉਸ ਦੇ ਧਰਮ ਦੇ ਲੋਕਾਂ ਦਾ ਹੀ ਹੁੰਦਾ ਹੈ ਅਤੇ ਕਿਸੇ ਵੀ ਹੋਰ ਧਰਮ ਦੇ ਲੋਕਾਂ ਨੂੰ ਦੂਜੇ ਧਰਮ ਦੇ ਧਾਰਮਿਕ ਕਾਰਜ਼ਾ ਵਿੱਚ ਦਖਲਅੰਦਾਜ਼ੀ ਦੀ ਇਜ਼ਾਜਤ ਨਹੀ ਦਿੱਤੀ ਜਾ ਸਕਦੀ। ਇਹ ਇੱਕਤਰਤਾ ਕੇਂਦਰ ਸਰਕਾਰ ਵੱਲੋਂ ਵਕਫ ਐਕਟ ਵਿੱਚ ਸੋਧਾਂ ਕਰਕੇ ਸਰਕਾਰੀ ਹਿੱਸੇਦਾਰੀ ਵਧਾਉਣ ਦੇ ਫੈਸਲੇ ਨੂੰ ਵੀ ਮੁਸਲਿਮ ਭਾਈਚਾਰੇ ਦੇ ਹੱਕਾਂ ਨਾਲ ਖਿਲਵਾੜ ਕਰਨ ਦਾ ਫੈਸਲਾ ਕਰਾਰ ਦਿੰਦੀ ਹੈ। ਕੇਂਦਰ ਸਰਕਾਰ ਨੂੰ ਚਾਹੀਦੀਾ ਹੈ ਕਿ ਕਿਸੇ ਵੀ ਧਾਰਕਿਕ ਘੱਟ ਗਿਣਤੀ ਜਾਂ ਭਾਸ਼ਾਈ ਘੱਟ ਗਿਣਤੀ ਸਬੰਧੀ ਫੈਸਲਾ ਲੈਣ ਤੋਂ ਪਹਿਲਾਂ ਸਬੰਧਤ ਵਰਗਾਂ ਦੇ ਨੁਮਾਇੰਦਿਆਂ ਨੂੰ ਭਰੋਸੇ ਵਿੱਚ ਲਵੇ।

ਮਤਾ ਨੰ–10

ਹੱਦਬੰਦੀ (Delimitation) ਬਾਰੇ।

ਸ਼੍ਰੋਮਣੀ ਅਕਾਲੀ ਦਲ, ਜੋ ਕਿ ਪੰਜਾਬ, ਪੰਜਾਬੀਆਂ ਅਤੇ ਵਿਸ਼ੇਸ਼ ਕਰਕੇ ਸਿੱਖ ਘੱਟ ਗਿਣਤੀ ਦੇ ਰਾਜਨੀਤਿਕ ਹੱਕਾਂ ਦਾ ਪਹਿਰੇਦਾਰ ਹੈ ਅਤੇ ਸੂਬਿਆਂ ਨੂੰ ਵੱਧ ਅਧਿਕਾਰਾਂ ਦਾ ਵੱਡਾ ਹਾਮੀ ਹੈ, ਚੇਤਾਵਨੀ ਦਿੰਦਾ ਹੈ ਕਿ ਆਉਣ ਵਾਲੀ ਹੱਦਬੰਦੀ (Delimitation) ਭਾਰਤ ਦੇ ਸੰਵਿਧਾਨਕ ਸੰਤੁਲਨ ਨੂੰ ਖਤਰੇ ਵਿੱਚ ਪਾ ਸਕਦੀ ਹੈ, ਅਤੇ ਇਸ ਰਾਹੀਂ ਉਤਰੀ ਅਤੇ ਦੱਖਣੀ ਛੋਟੇ ਅਤੇ ਸਰਹੱਦੀ ਰਾਜਾਂ ਦੀ ਰਾਜਨੀਤਕ ਸ਼ਕਤੀ ਨੂੰ ਖੋਰਾ ਲਗਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਸ਼੍ਰੋਮਣੀ ਅਕਾਲ ਦਲ ਇਸ ਗੱਲ ਉਪਰ ਦ੍ਰਿੜ ਹੈ ਕਿ ਪਾਰਲੀਮੈਂਟ ਅਤੇ ਵਿਧਾਨ ਸਭਾ ਹਲਕਿਆਂ ਦੀ ਹੱਦਬੰਦੀ ਕਰਦੇ ਸਮੇਂ ਉਹਨਾਂ ਸੂਬਿਆਂ ਨੂੰ ਸ਼ਜਾ ਨਹੀਂ ਮਿਲਣੀ ਚਾਹੀਦੀ ਜਿਨ੍ਹਾਂ ਨੇ ਦੇਸ ਦੀ ਅਬਾਦੀ ਨੂੰ ਕੰਟਰੋਲ ਕਰਨ ਵਿੱਚ ਦੇਸ਼ ਦੀ ਨੀਤੀ ਦਾ ਡੱਟ ਕੇ ਸਾਥ ਦਿੱਤਾ। ਇਸ ਲਈ ਹੱਦਬੰਦੀ ਸਿਰਫ ਅਤੇ ਸਿਰਫ ਅਬਾਦੀ ਵਿੱਚ ਵਾਧੇ ਨੂੰ ਅਧਾਰ ਬਣਾ ਕੇ ਨਹੀਂ ਕੀਤੀ ਜਾਣੀ ਚਾਹੀਦੀ। ਇਸ ਵਾਸਤੇ ਕੋਈ ਤਰਕ ਸੰਗਤ ਫਾਰਮੂਲਾ ਬਣਨਾ ਚਾਹੀਦਾ ਹੈ। ਜਿਸ ਨਾਲ ਦੇਸ਼ ਦੀਆਂ ਨੀਤੀਆਂ ਨਾਲ ਡੱਟ ਕੇ ਖੜਨ ਵਾਲੇ ਉਤਰੀ ਅਤੇ ਦੱਖਣੀ ਸੂਬਿਆਂ ਦੀ ਰਾਜਨੀਤਕ ਸ਼ਕਤੀ ਨੂੰ ਹੋਰ ਖੋਰਾ ਨਾ ਲੱਗੇ।

ਅਸੀਂ ਮੰਨਦੇ ਹਾਂ ਕਿ (Delimitation) ਕਿਸੇ ਵੀ ਰੂਪ ਵਿੱਚ ਰਾਜਨੀਤਿਕ ਹਥਿਆਰ ਨਹੀਂ ਬਣਨਾ ਚਾਹੀਦਾ ਜਿਸ ਰਾਹੀਂ ਪੰਜਾਬ ਜਾਂ ਹੋਰ ਛੋਟੇ ਰਾਜਾਂ ਦੀ ਸਿਆਸੀ ਨੁਮਾਇੰਦਗੀ ਨੂੰ ਘਟਾਇਆ ਜਾਵੇ ਜਾਂ ਲੋਕਸੰਖਿਆ ਦੇ ਅੰਕੜਿਆਂ ਨਾਲ ਰਾਜਨੀਤਿਕ ਫਾਇਦੇ ਲਈ ਛੇੜਛਾੜ ਕੀਤੀ ਜਾਵੇ।

ਸ਼੍ਰੋਮਣੀ ਅਕਾਲੀ ਦਲ ਹੱਦਬੰਦੀ (Delimitation) ਦੇ ਮੁੱਦੇ ਨੂੰ ਇੱਕ ਸੰਵਿਧਾਨਕ ਨਿਆਂ ਅਤੇ ਰਾਜਾਂ ਦੇ ਸੰਘੀ ਹੱਕਾਂ ਨਾਲ ਜੋੜ ਕੇ ਦੇਖਦਾ ਹੈ। ਪੰਜਾਬ ਦੀ ਘੱਟ ਜਨਸੰਖਿਆ ਨੂੰ ਸਜ਼ਾ ਦੇਣ ਦੀ ਥਾਂ, ਉਸ ਦੇ ਇਤਿਹਾਸਕ ਯੋਗਦਾਨ ਅਤੇ ਬਲਿਦਾਨਾਂ ਦੀ ਕਦਰ ਕੀਤੀ ਜਾਣੀ ਚਾਹੀਦੀ ਹੈ। ਹੱਦਬੰਦੀ (Delimitation) ਜੇ ਕੀਤੀ ਜਾਵੇ, ਉਹ ਨਿਆਂਸੰਗਤ ਹੋਵੇ ਨਾ ਕਿ ਸੰਘੀ ਅਸੰਤੁਲਨ ਵਧਾਉਣ ਵਾਲੀ।

ਮਤਾ ਨੰ–11

ਵਾਹਗਾ–ਅਟਾਰੀ ਸਰਹੱਦ ਨੂੰ ਵਪਾਰ ਲਈ ਖੋਲ੍ਹਣ ਸਬੰਧੀ।

ਸ਼੍ਰੋਮਣੀ ਅਕਾਲੀ ਦਲ, ਜੋ ਕਿ ਪੰਜਾਬ ਦੀ ਆਰਥਿਕ, ਖੇਤਰੀ ਤੇ ਸੰਸਕ੍ਰਿਤਿਕ ਭਲਾਈ ਲਈ ਸਦਾ ਵਚਨਬੱਧ ਰਿਹਾ ਹੈ, ਇਹ ਮਜ਼ਬੂਤੀ ਨਾਲ ਮੰਗ ਕਰਦਾ ਹੈ ਕਿ ਵਾਹਗਾ–ਅਟਾਰੀ ਸਰਹੱਦ ਨੂੰ ਵਪਾਰ ਲਈ ਤੁਰੰਤ ਖੋਲ੍ਹਿਆ ਜਾਵੇ। ਪੰਜਾਬ ਨੂੰ ਇੱਕ ਸਰਹੱਦੀ ਰਾਜ ਹੋਣ ਦੇ ਨਾਤੇ ਲੰਬੇ ਸਮੇਂ ਤੋਂ ਦੋਵਾਂ ਦੇਸ਼ਾਂ ਦੇ ਆਪਸੀ ਤਨਾਅ ਕਰਕੇ ਵੱਡੇ ਆਰਥਿਕ ਨੁਕਸਾਨ ਨੂੰ ਝੱਲਣਾ ਪੈ ਰਿਹਾ ਹੈ। ਵਾਹਗਾ–ਅਟਾਰੀ ਵਪਾਰਕ ਰਾਹ ਦੇ ਬੰਦ ਹੋਣ ਨਾਲ ਪੰਜਾਬ ਦੇ ਕਿਸਾਨਾਂ, ਵਪਾਰੀਆਂ, ਸਨਅਤਕਾਰਾਂ, ਟਰਾਂਸਪੋਰਟਾਂ ਅਤੇ ਸਰਹੱਦੀ ਇਲਾਕਿਆਂ ਦੇ ਲੋਕਾਂ ਦੀ ਆਮਦਨ ਅਤੇ ਰੁਜ਼ਗਾਰ ਵਿਵਸਥਾ ਬਹੁਤ ਪ੍ਰਭਾਵਿਤ ਹੋਈ ਹੈ।

ਸ਼੍ਰੋਮਣੀ ਅਕਾਲੀ ਦਲ ਇਸ ਗੱਲ ਉਪਰ ਦ੍ਰਿੜ ਹੈ ਕਿ ਵਾਹਗਾ–ਅਟਾਰੀ ਸਰਹੱਦ ਨੂੰ ਦੁਵੱਲੇ ਵਪਾਰ ਲਈ ਤੁਰੰਤ ਖੋਲ੍ਹਿਆ ਜਾਵੇ, ਜਿਸ ਵਿੱਚ ਸੜਕੀ ਰਸਤੇ ਰਾਹੀਂ ਆਯਾਤ ਅਤੇ ਨਿਰਯਾਤ ਸ਼ਾਮਲ ਹੋਣ। ਵਪਾਰ

ਰਾਹੀਂ ਪੰਜਾਬ ਦੀ ਖੇਤੀ ਅਧਾਰਿਤ ਆਰਥਿਕਤਾ ਨੂੰ ਨਵਾਂ ਜੀਵਨ ਮਿਲ ਸਕਦਾ ਹੈ ਅਤੇ ਬੇਰੁਜ਼ਗਾਰੀ ਘਟ ਸਕਦੀ ਹੈ ਅਤੇ ਕਿਸਾਨਾਂ ਨੂੰ ਆਪਣੇ ਉਤਪਾਦਾਂ ਲਈ ਚੰਗੀ ਕੀਮਤ ਮਿਲ ਸਕਦੀ ਹੈ।

ਸ਼੍ਰੋਮਣੀ ਅਕਾਲੀ ਦਲ ਮੰਨਦਾ ਹੈ ਕਿ ਪੰਜਾਬ ਨੂੰ ਹਮੇਸ਼ਾ ਰਾਜਨੀਤਿਕ ਤਣਾਅ ਦਾ ਸ਼ਿਕਾਰ ਬਣਾਉਣ ਦੀ ਥਾਂ, ਹੁਣ ਉਸਨੂੰ ਖੁਲਾਪਣ, ਵਪਾਰ ਅਤੇ ਖੇਤਰੀ ਸਹਿਯੋਗ ਰਾਹੀਂ ਅੱਗੇ ਵਧਣ ਦਾ ਮੌਕਾ ਮਿਲਣਾ ਚਾਹੀਦਾ ਹੈ। ਵਾਹਗਾ–ਅਟਾਰੀ ਰਾਹੀਂ ਵਪਾਰ ਪੰਜਾਬ ਦੀ ਆਰਥਿਕ ਤਰੱਕੀ ਲਈ ਇੱਕ ਇਤਿਹਾਸਕ ਮੌਕਾ ਹੈ।

ਮਤਾ ਨੰ–12
ਕਿਸਾਨੀ ਦੇ ਮੁੱਦਿਆਂ ਸਬੰਧੀ।

ਸ਼੍ਰੋਮਣੀ ਅਕਾਲੀ ਦਲ ਪੰਜਾਬ ਅਤੇ ਦੇਸ਼ ਦੇ ਕਿਸਾਨਾਂ ਦੀ ਭਲਾਈ ਲਈ ਆਪਣੀ ਵਚਨਬੱਧਤਾ ਨੂੰ ਮੁੜ ਦੁਹਰਾਉਦਾਂ ਹੈ। ਕਿਸਾਨ ਨਾ ਸਿਰਫ਼ ਦੇਸ਼ ਦੇ ਅੰਨਦਾਤਾ ਹਨ, ਸਗੋਂ ਰਾਸ਼ਟਰੀ ਆਰਥਿਕਤਾ ਦੀ ਰੀੜ ਦੀ ਹੱਡੀ ਵੀ ਹਨ। ਅੱਜ ਦੀ ਖੇਤੀਬਾੜੀ ਇੱਕ ਗੰਭੀਰ ਸੰਕਟ ’ਚੋਂ ਲੰਘ ਰਹੀ ਹੈ ।ਵਧਦੇ ਖਰਚੇ, ਘੱਟ ਆਮਦਨ ਅਤੇ ਸਰਕਾਰਾਂ ਦੀ ਬੇਰੁੱਖੀ ਨੇ ਕਿਸਾਨਾਂ ਨੂੰ ਕਰਜ਼ੇ, ਨਿਰਾਸ਼ਾ ਅਤੇ ਆਤਮਹਤਿਆ ਵੱਲ ਧੱਕ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਇਸ ਗੱਲ ਉਪਰ ਦ੍ਰਿੜ ਹੈ ਕਿ ਜੇ ਕਿਸਾਨਾਂ ਦਾ ਭਵਿੱਖ ਸੁਰੱਖਿਅਤ ਨਹੀਂ, ਤਾਂ ਪੰਜਾਬ ਦਾ ਭਵਿੱਖ ਵੀ ਸੁਰੱਖਿਅਤ ਨਹੀਂ ਹੋ ਸਕਦਾ। ਖੇਤੀਬਾੜੀ ਨੂੰ ਨਵੀਨਤਾ, ਇਨਸਾਫ਼ ਅਤੇ ਆਮਦਨ ਦੀ ਭਰੋਸੇਯੋਗਤਾ ਦੀ ਲੋੜ ਹੈ। ਖੇਤੀ ਦੀ ਲਾਗਤ ਦਿਨੋਂਦਿਨ ਵਧ ਰਹੀ ਹੈ, ਪਰ ਨਿਊਨਤਮ ਸਮਰਥਨ ਮੁੱਲ (MSP) ਰੁਕੇ ਹੋਏ ਹਨ। ਕਈ ਸਰਕਾਰਾਂ ਨੇ MSP ਦੀ ਕਾਨੂੰਨੀ ਗਾਰੰਟੀ, ਕਰਜ਼ ਮਾਫੀ ਅਤੇ ਖਰੀਦ ਪ੍ਰਣਾਲੀ ਸੁਧਾਰ ਦੀਆਂ ਘੋਸ਼ਣਾਵਾਂ ਤਾਂ ਕੀਤੀਆਂ ਪਰ ਪੂਰੀਆਂ ਨਹੀਂ ਕੀਤੀਆਂ।

ਇਸ ਲਈ, ਸ਼੍ਰੋਮਣੀ ਅਕਾਲੀ ਦਲ ਮੰਗ ਕਰਦਾ ਹੈ:–

1. ਸਭ ਮੁੱਖ ਫਸਲਾਂ ਉੱਤੇ MSP ਦੀ ਕਾਨੂੰਨੀ ਗਾਰੰਟੀ ਤੁਰੰਤ ਲਾਗੂ ਕੀਤੀ ਜਾਵੇ।

2. ਗਰੀਬ ਅਤੇ ਛੋਟੇ ਕਿਸਾਨਾਂ ਦੇ ਸਾਰੇ ਕਰਜ਼ੇ ਮੁਆਫ ਕੀਤੇ ਜਾਣ।

3. ਪੰਜਾਬ ਅਤੇ ਹੋਰ ਅਨਾਜ ਉਤਪਾਦਕ ਰਾਜਾਂ ਵਿੱਚ ਸਿੰਚਾਈ, ਕੋਲਡ ਸਟੋਰੇਜ, ਅਤੇ ਪੋਸਟ–ਹਾਰਵੈਸਟ ਇੰਫ੍ਰਸਟਰਕਚਰ ਵਿੱਚ ਸਰਕਾਰੀ ਨਿਵੇਸ਼ ਵਧਾਇਆ ਜਾਵੇ।

4. ਫਸਲਾਂ ਦੀ ਖਰੀਦ ਲਈ ਇੱਕ ਨਿਰਪੱਖ, ਪਾਰਦਰਸ਼ੀ ਅਤੇ ਸਮੇਂ–ਸਿਰ ਭੁਗਤਾਨ ਵਾਲੀ ਪ੍ਰਣਾਲੀ ਲਾਗੂ ਕੀਤੀ ਜਾਵੇ।

5. ਕਿਸਾਨ–ਹਿਤੈਸ਼ੀ ਐਕਸਪੋਰਟ ਨੀਤੀਆਂ ਬਣਾਈਆਂ ਜਾਣ, ਜਿਨ੍ਹਾਂ ਰਾਹੀਂ ਭਾਰਤੀ ਖੇਤੀ ਉਤਪਾਦਾਂ ਲਈ ਵਿਦੇਸ਼ੀ ਮਾਰਕੀਟਾਂ ਖੋਲ੍ਹੀਆਂ ਜਾਣ ਤੇ ਆਯਾਤ–ਨਿਰਯਾਤ ਰੁਕਾਵਟਾਂ ਹਟਾਈਆਂ ਜਾਣ।

6. ਇੱਕ ਲੰਬੀ ਮਿਆਦ ਦੀ ਖੇਤੀ ਨੀਤੀ ਬਣਾਈ ਜਾਵੇ, ਜੋ ਟਿਕਾਊ ਵਿਕਾਸ, ਖੇਤੀ ਵਿਭਿੰਨਤਾ ਅਤੇ ਕਿਸਾਨ ਦੀ ਆਮਦਨ ਸੁਰੱਖਿਆ ਨੂੰ ਕੇਂਦਰ ਵਿੱਚ ਰੱਖੇ।

7. ਕੇਂਦਰ ਅਤੇ ਸੂਬਾ ਸਰਕਾਰਾਂ ਖੇਤੀ ਸਬੰਧੀ ਖੋਜ ਨੂੰ ਉਤਸ਼ਾਹਤ ਕਰਨ ਲਈ ਬਜ਼ਟ ਵਿੱਚ ਵੱਡਾ ਵਾਧਾ ਕਰਨ ਤਾਂ ਜੋ ਧਰਤੀ ਹੇਠਲੇ ਘੱਟ ਰਹੇ ਪਾਣੀ ਦੇ ਸਤਰ, ਘੱਟ ਰਹੀ ਮਿੱਟੀ ਦੀ ਪੋਸ਼ਟਿਕਤਾ, ਵੱਧ ਰਹੀ ਖਾਦਾ ਦੀ ਵਰਤੋਂ ਆਦਿ ਚੁਣੌਤੀਆਂ ਦਾ ਟਾਕਰਾ ਕੀਤਾ ਜਾ ਸਕੇ।

8. ਸ਼੍ਰੋਮਣੀ ਅਕਾਲੀ ਦਲ ਲੋਕਤੰਤਰੀ ਅਤੇ ਸ਼ਾਂਤੀਪੂਰਨ ਤਰੀਕੇ ਨਾਲ ਚੱਲ ਰਹੇ ਕਿਸਾਨ ਅੰਦੋਲਨਾਂ ਨਾਲ ਪੂਰੀ ਇਕਜੁਟਤਾ ਵਿਅਕਤ ਕਰਦਾ ਹੈ, ਅਤੇ ਇਹ ਐਲਾਨ ਕਰਦਾ ਹੈ ਕਿ ਵਿਧਾਨਿਕ, ਕਾਨੂੰਨੀ ਅਤੇ ਜਨ ਅੰਦੋਲਨ ਤਿੰਨਾਂ ਰਾਹੀਂ ਕਿਸਾਨਾਂ ਦੇ ਹੱਕ ਲਈ ਲੜਾਈ ਜਾਰੀ ਰੱਖੇਗਾ।

ਮਤਾ ਨੰ–13

ਮਹਿੰਗਾਈ ਅਤੇ ਦਲਿਤ ਮੁੱਦਿਆਂ ਸਬੰਧੀ।

ਸ਼੍ਰੋਮਣੀ ਅਕਾਲੀ ਦਲ ਆਮ ਘਰੇਲੂ ਵਰਗ ਦੀ ਜ਼ਿੰਦਗੀ ਉੱਤੇ ਵਧ ਰਹੀ ਮਹਿੰਗਾਈ ਦੇ ਬੁਰੇ ਅਸਰਾਂ ਅਤੇ ਪੰਜਾਬ ਸਣੇ ਦੇਸ਼ ਭਰ ਵਿੱਚ ਦਲਿਤ ਭਾਈਚਾਰੇ ਦੀ ਲਗਾਤਾਰ ਸਮਾਜਿਕ–ਆਰਥਿਕ ਪਿੱਛੜੇਪਣ ਉੱਤੇ ਗੰਭੀਰ ਚਿੰਤਾ ਪ੍ਰਗਟ ਕਰਦਾ ਹੈ। ਦਲ ਸਾਂਝੀ ਤਰੱਕੀ, ਆਰਥਿਕ ਇਨਸਾਫ਼ ਅਤੇ ਸਮਾਜਿਕ ਬਰਾਬਰੀ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਾ ਹੈ।

ਮਹਿੰਗਾਈ ਨੇ ਰੋਜ਼ਾਨਾ ਦੀ ਵਰਤੋਂ ਵਾਲੀਆਂ ਚੀਜ਼ਾਂ, ਜਿਨ੍ਹਾਂ ਵਿੱਚ ਖਾਣ–ਪੀਣ ਦੀਆਂ ਵਸਤਾਂ, ਸਬਜ਼ੀਆਂ, ਤੇਲ, ਰਸੋਈ ਗੈਸ, ਡੀਜ਼ਲ, ਪੈਟਰੋਲ, ਬਿਜਲੀ ਅਤੇ ਆਵਾਜਾਈ ਨੂੰ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਕਰ ਦਿੱਤਾ ਹੈ।

ਦਲਿਤ ਭਾਈਚਾਰਾ, ਪੰਜਾਬ ਦੀ ਜਨਸੰਖਿਆ ਦਾ ਵੱਡਾ ਹਿੱਸਾ ਹੈ ਪਰ ਫਿਰ ਵੀ ਇਹ ਭਾਈਚਾਰਾ ਉੱਚ ਸਿੱਖਿਆ, ਨੌਕਰੀਆਂ, ਅਤੇ ਸਰਕਾਰੀ ਸਕੀਮਾਂ ਵਿੱਚ ਪੱਛੜਿਆ ਹੋਇਆ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਨੇ ਨਾ ਤਾਂ ਕੀਮਤਾਂ 'ਤੇ ਕਾਬੂ ਪਾਇਆ ਹੈ ਅਤੇ ਨਾ ਹੀ ਦਲਿਤਾਂ ਲਈ ਸਮਾਜਿਕ ਇਨਸਾਫ਼ ਯਕੀਨੀ ਬਣਾਇਆ ਹੈ। ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਦੇ ਦਲਿਤ ਭਾਈਚਾਰੇ ਲਈ ਬਹੁਤ ਸਾਰੀਆਂ ਸਮਾਜ ਭਲਾਈ ਦੀਆਂ ਸਕੀਮਾਂ ਚਲਾਈਆਂ ਸਨ ਜੋ ਸਮੇ ਨਾਲ ਬਾਅਦ ਵਿੱਚ ਬਣੀਆਂ ਸਰਕਾਰਾਂ ਦੀ ਬੇਰੁੱਖੀ ਦੀ ਭੇਟ ਚੜ੍ਹ ਚੁੱਕੀਆਂ ਹਨ।

ਸ਼੍ਰੋਮਣੀ ਅਕਾਲੀ ਦਲ ਮੰਨਦਾ ਹੈ ਕਿ ਮਹਿੰਗਾਈ ਅਤੇ ਅਨਿਆਂ ਨੇ ਆਮ ਆਦਮੀ ਦੀ ਜ਼ਿੰਦਗੀ ਤੇ ਸਮਜਾਕਿ ਅਸਮਾਨਤਾ ਦੇ ਪਾੜੇ ਨੂੰ ਹੋਰ ਡੂੰਘਾ ਕੀਤਾ ਹੈ। ਅਮੀਰ ਹੋਰ ਅਮੀਰ ਹੋ ਰਿਹਾ ਹੈ ਅਤੇ ਗਰੀਬ ਦਿਨੋ ਦਿਨੀ ਹੇਠਾਂ ਜਾ ਰਿਹਾ ਹੈ। ਅਸੀਂ ਇੱਕ ਅਜਿਹਾ ਪੰਜਾਬ ਬਣਾਉਣ ਲਈ ਵਚਨਬੱਧ ਹਾਂ ਜਿੱਥੇ ਕੋਈ ਭੁੱਖਾ ਨਾ ਸੌਵੇਂ ਅਤੇ ਜਿੱਥੇ ਦਲਿਤ ਭਾਈਚਾਰਾ ਗੁਰੂ ਸਹਿਬਾਨ ਦੀ ਮਾਨਵਵਾਦੀ ਸੋਚ ਅਨੁਸਾਰ ਇਜ਼ਤ, ਬਰਾਬਰੀ, ਮਾਣ–ਸਨਮਾਨ ਅਤੇ ਪੂਰੇ ਹੱਕਾਂ ਨਾਲ ਜੀਵੇ।

ਮਤਾ ਨੰ–14

ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਵਿੱਚ ਬੇਰੁਜ਼ਗਾਰੀ ਅਤੇ ਨੌਜਵਾਨਾਂ ਦੇ ਮਸਲਿਆਂ ਸਬੰਧੀ।

ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿੱਚ ਵਧ ਰਹੀ ਬੇਰੁਜ਼ਗਾਰੀ ਨੂੰ ਇੱਕ ਗੰਭੀਰ ਸੰਕਟ ਮੰਨਦਾ ਹੈ। ਇਸ ਸਮੱਸਿਆਂ ਨੇ ਲੱਖਾਂ ਨੌਜਵਾਨਾਂ ਨੂੰ ਨਿਰਾਸ਼ਾ, ਨਸ਼ੇ ਅਤੇ ਵਿਦੇਸ਼ ਪਲਾਇਣ ਵੱਲ ਧੱਕ ਦਿੱਤਾ ਹੈ। ਸਰਕਾਰਾਂ ਦੀ ਨੀਤੀਗਤ ਨਾਕਾਮੀ, ਉਦਯੋਗ ਤੇ ਸਿੱਖਿਆ ਵਿੱਚ ਨਿਵੇਸ਼ ਦੀ ਘਾਟ ਅਤੇ ਨਵੀਆਂ ਤਕਨੀਕਾਂ ਦੇ ਅਣਵਿਕਾਸ ਨੇ ਨੌਜਵਾਨੀ ਦਾ ਭਵਿੱਖ ਅਨਿਸ਼ਿਚਤ ਕਰ ਦਿੱਤਾ ਹੈ। ਪੰਜਾਬ ਵਿੱਚ ਬੇਰੁਜ਼ਗਾਰੀ ਦੀ ਦਰ ਦੇਸ਼ ਵਿੱਚ ਸਭ ਤੋਂ ਉੱਚੀਆਂ ਵਿੱਚੋਂ ਇੱਕ ਹੈ। ਮਜ਼ਬੂਰੀ ਵੱਸ ਨੌਜਵਾਨ ਵਿਦੇਸ਼ ਜਾਣ ਲਈ ਮਜਬੂਰ ਹੋ ਰਹੇ ਹਨ। ਅਜਿਹਾ ਕਰਦੇ ਹੋਏ ਉਹ ਬਹੁਤ ਵਾਰੀ ਠੱਗੀਆਂ ਦਾ ਸ਼ਿਕਾਰ ਹੋ ਰਹੇ ਹਨ।

ਇਸ ਲਈ, ਸ਼੍ਰੋਮਣੀ ਅਕਾਲੀ ਦਲ ਮੰਗ ਕਰਦਾ ਹੈ ਕਿ ਪੰਜਾਬ ਅਤੇ ਕੇਂਦਰ ਸਰਕਾਰ ਤੁਰੰਤ ਖਾਲੀ ਪਈਆਂ ਸਾਰੀਆਂ ਪੋਸਟਾਂ ਭਰਨੇ ਇਸ ਤੋਂ ਇਲਾਵਾ ਪੰਜਾਬ ਰੋਜ਼ਗਾਰ ਗਾਰੰਟੀ ਨੀਤੀ ਬਣਾਈ ਜਾਵੇ, ਜਿਸ 'ਚ ਸਰਕਾਰੀ ਤੇ ਪ੍ਰਾਈਵੇਟ ਨੌਕਰੀਆਂ ਲਈ ਨਿਸ਼ਚਿਤ ਟੀਚੇ ਤੇ ਸਮੇਂ–ਬੱਧ ਭਰਤੀਆਂ ਹੋਣ। ਨੌਜਵਾਨਾਂ ਨੂੰ ਵਿਦੇਸ਼ ਜਾਂਦੇ ਸਮੇਂ ਹੁੰਦੀਆਂ ਠੱਗੀਆਂ ਕਰਕੇ ਇਮੀਗ੍ਰੇਸ਼ਨ ਏਜੰਟਾਂ ਦੀ ਕੜੀ ਨਿਗਰਾਨੀ ਅਤੇ ਇੱਕ ਸਰਕਾਰੀ ਵਿਦੇਸ਼ ਮਾਈਗ੍ਰੇਸ਼ਨ ਸਹਾਇਤਾ ਸੈੱਲ ਦੀ ਸਥਾਪਨਾ ਕੀਤੀ ਜਾਵੇ, ਜੋ ਨੌਜਵਾਨਾਂ ਦੀ ਸੁਰੱਖਿਆ ਕਰੇ। ਪੰਜਾਬ ਭਰ ਵਿੱਚ ਖੇਡਾਂ, ਕਲਾ ਅਤੇ ਸਭਿਆਚਾਰ ਦੇ ਖੇਤਰ ਨੂੰ ਉਤਸ਼ਾਹਤ ਕੀਤਾ ਜਾਵੇ ਤਾਂ ਜੋ ਨੌਜਵਾਨਾਂ ਨੂੰ ਆਤਮ–ਵਿਕਾਸ ਤੇ ਰੁਜ਼ਗਾਰ ਦੇ ਮੌਕੇ ਮਿਲ ਸਕਣ।

ਸ਼੍ਰੋਮਣੀ ਅਕਾਲੀ ਦਲ ਮੰਨਦਾ ਹੈ ਕਿ ਜਦ ਤੱਕ ਨੌਜਵਾਨਾਂ ਨੂੰ ਇਜ਼ਤਦਾਰ ਤੇ ਸਥਿਰ ਰੋਜ਼ਗਾਰ ਨਹੀਂ ਮਿਲਦਾ, ਤਦ ਤੱਕ ਪੰਜਾਬ ਦਾ ਭਵਿੱਖ ਅਸੁਰੱਖਿਅਤ ਰਹੇਗਾ। ਅਸੀਂ ਭਵਿੱਖ ਵਿੱਚ ਨੌਜਵਾਨ ਸਸ਼ਕਤੀਕਰਨ ਨੂੰ ਆਪਣੀ ਵਿਕਾਸੀ ਯੋਜਨਾ ਦਾ ਕੇਂਦਰ ਬਣਾਉਣ ਦਾ ਵਾਅਦਾ ਕਰਦੇ ਹਾਂ।

ਮਤਾ ਨੰ–15

ਪੰਜਾਬ ਤੋਂ ਬਾਹਰ ਸਿੱਖ ਇਤਿਹਾਸਿਕ ਸਥਾਨਾਂ ਸਬੰਧੀ।

ਅੱਜ ਦੀ ਇਹ ਇਕੱਤਰਤਾ ਭਾਰਤ ਸਰਕਾਰ ਤੋਂ ਪੁਰਜ਼ੋਰ ਮੰਗ ਕਰਦੀ ਹੈ ਕਿ ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਦੇ ਸੰਸਾਰਿਕ ਜੀਵਨ ਦਰਸ਼ਨ ਨਾਲ ਸਬੰਧਤ ਇਤਿਹਾਸਕ ਸਥਾਨ ਗੁਰਦੁਆਰਾ ਗਿਆਨ ਗੋਦੜੀ, ਹਰਿ ਕੀ ਪਉੜੀ, ਹਰਿਦੁਆਰ (ਉਤਰਾਖੰਡ), ਗੁਰਦੁਆਰਾ ਗੁਰੂ ਡਾਂਗਮਾਰ, ਚੁੰਗਥਾਂਗ (ਸਿੱਕਮ), ਗੁਰਦੁਆਰਾ ਬਾਵਲੀ ਮੱਠ, ਮੰਗੂ ਮੱਠ, ਪੰਜਾਬੀ ਮੱਠ, ਜਗਨਨਾਥਪੁਰੀ (ਉੜੀਸਾ) ਦਾ ਪ੍ਰਬੰਧ ਵੀ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਤੁਰੰਤ ਹਵਾਲੇ ਕੀਤਾ ਜਾਵੇ ਤਾਂ ਜੋ ਇਹਨਾਂ ਸਥਾਨਾਂ ਦੀ ਪਵਿੱਤਰਤਾ, ਇਤਿਹਾਸਕਤਾ ਨੂੰ ਸਨਮੁੱਖ ਰੱਖਦਿਆਂ ਵਿਰਾਸਤੀ ਇਮਾਰਤਾਂ ਉਸਾਰ ਕੇ ਸਿੱਖ–ਸਿਧਾਤਾਂ, ਸਿੱਖ ਰਹਿਤ ਮਰਿਯਾਦਾ ਤੇ ਪ੍ਰੰਪਰਾਵਾਂ ਅਨੁਸਾਰ ਰੋਜ਼ਾਨਾ ਦੀ ਮਰਿਯਾਦਾ ਬਹਾਲ ਕੀਤੀ ਜਾ ਸਕੇ।

ਮਤਾ ਨੰ–16
ਸ਼੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਸਬੰਧੀ

ਸ਼੍ਰੋਮਣੀ ਅਕਾਲੀ ਦਲ ਦੀ ਅੱਜ ਦੀ ਇਹ ਇਕੱਤਰਤਾ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) ਦੇ ਖੁੱਲੇ ਦਰਸ਼ਨ ਦੀਦਾਰੇ ਕਰਨ ਲਈ ਦੋਹਾਂ ਸਰਕਾਰਾਂ ਨੂੰ ਪਾਸਪੋਰਟ ਦੀ ਰੱਖੀ ਸ਼ਰਤ ਨੂੰ ਖਤਮ ਕਰਨ ਅਤੇ ਯਾਤਰਾ ਦੀ ਪ੍ਰਕਿਰਿਆ ਨੂੰ ਸਰਲ ਬਨਾਉਣ ਦੀ ਬੇਨਤੀ ਕਰਦਾ ਹੈ ਤਾਂ ਜੋ ਹਰੇਕ ਸਿੱਖ ਗੁਰਦੁਆਰਾ ਸਾਹਿਬ ਦੇ ਦਰਸ਼ਨ–ਦੀਦਾਰੇ ਕਰ ਸਕੇ।

ਮਤਾ ਨੰ–17
ਚੋਣ ਮਨੋਰਥ ਪੱਤਰ ਨੂੰ ਕਾਨੂੰਨੀ ਦਸਤਾਵੇਜ਼ ਮੰਨਣ ਸਬੰਧੀ।

ਅੱਜ ਦੀ ਇਹ ਇਕੱਤਰਤਾ ਮੰਗ ਕਰਦੀ ਹੈ ਕਿ ਚੋਣਾਂ ਸਮੇਂ ਵੱਖ–ਵੱਖ ਪਾਰਟੀਆਂ ਵੱਲੋਂ ਜਾਰੀ ਕੀਤੇ ਜਾਂਦੇ ਚੋਣ ਮਨੋਰਥ ਪੱਤਰਾਂ ਨੂੰ ਇੱਕ ਕਾਨੂੰਨੀ ਡਾਕੂਮੈਂਟ ਮੰਨਿਆਂ ਜਾਵੇ ਅਤੇ ਜਿਹੜੀਆਂ ਪਾਰਟੀਆਂ ਜਿੱਤਣ ਤੋਂ ਬਾਅਦ ਆਪਣਾ ਚੋਣ ਮਨੋਰਥ ਪੱਤਰ ਲਾਗੂ ਨਹੀਂ ਕਰ ਸਕਦੀਆਂ, ਉਨ੍ਹਾਂ ਪਾਰਟੀਆਂ ਦੀ ਚੋਣ ਕਮਿਸ਼ਨ ਵੱਲੋਂ ਮਾਨਤਾ ਰੱਦ ਕੀਤੀ ਜਾਵੇ ਅਤੇ ਉਸ ਪਾਰਟੀ ਖਿਲਾਫ ਲੋਕਾਂ ਨਾਲ ਹੇਰਾਫੇਰੀ ਕਰਨ ਦੇ ਦੋਸ਼ ਤਹਿਤ ਸਖਤ ਕਾਰਵਾਈ ਕੀਤੀ ਜਾਵੇ।

ਮਤਾ ਨੰ–18
ਬੰਦੀ ਸਿੰਘਾਂ ਸਬੰਧੀ।

ਅੱਜ ਦੀ ਇਹ ਇਕੱਤਰਤਾ ਕੇਂਦਰ ਸਰਕਾਰ ਤੋਂ ਉਹਨਾਂ ਸਿੱਖ ਬੰਦੀਆਂ ਦੀ ਤੁਰੰਤ ਰਿਹਾਈ ਦੀ ਮੰਗ ਕਰਦੀ ਹੈ ਜੋ ਕਿ ਸਿੱਖ ਕੌਮੀ ਆਨ ਅਤੇ ਸ਼ਾਨ ਅਤੇ ਪੰਜਾਬ ਦੇ ਹੱਕਾਂ ਅਤੇ ਅਧਿਕਾਰਾਂ ਲਈ ਸੰਘਰਸ਼ ਦੌਰਾਨ ਦੇਸ਼ ਦੀਆਂ ਅਲੱਗ ਅਲੱਗ ਜੇਲਾਂ ਅੰਦਰ ਡੱਕੇ ਗਏ ਸਨ। ਇਹਨਾਂ ਵਿਚੋਂ ਬਹੁਤੇ ਆਪਣੀ ਬਣਦੀਆਂ ਸਜ਼ਾਵਾਂ ਤੋਂ ਕਿਤੇ ਵੱਧ ਸਜ਼ਾ ਕੱਟ ਚੁੱਕੇ ਹਨ ਪਰ ਫਿਰ ਵੀ ਇਹਨਾਂ ਨੂੰ ਰਿਹਾ ਨਹੀਂ ਕੀਤਾ ਜਾ ਰਿਹਾ । ਇਹ ਬੰਦੀ ਸਮੇਂ ਸਮੇਂ ਤੇ ਪੇਰੋਲ ਉਤੇ ਬਾਹਰ ਆ ਕੇ ਸਮਾਂ ਪੂਰਾ ਹੋਣ ਤੇ ਮੁੜ ਵਾਪਿਸ ਜੇਲਾਂ ਵਿਚ ਜਾਂਦੇ ਰਹੇ ਹਨ ਅਤੇ ਜੇਲਾਂ ਦੇ ਅੰਦਰ ਵੀ ਇਹਨਾਂ ਦਾ ਵਿਵਹਾਰ ਕਦੇ ਇਤਰਾਜ਼ਯੋਗ ਨਹੀਂ ਰਿਹਾ। ਇਹ ਸਾਰਾ ਵਰਤਾਰਾ ਬੁਨਿਆਦੀ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ। ਇਹ ਇਕਤਰਤਾ ਇਹਨਾਂ ਸਾਰੇ ਸਿੱਖ ਬੰਦੀਆਂ ਦੀ ਫੌਰੀ ਰਿਹਾਈ ਦੀ ਮੰਗ ਕਰਦਾ ਹੈ । ਇਸ ਸੰਦਰਭ ਵਿਚ ਇਹ ਇਕੱਤਰਤਾ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਸਬੰਧ ਵਿਚ ਪੈਦਾ ਹੋਈ ਅਨਿਸ਼ਚਿਤਤਾ ਦੇ ਮਾਹੌਲ ਨੂੰ ਖਤਮ ਕਰਨ ਲਈ ਕੇਂਦਰ ਸਰਕਾਰ ਤੋਂ ਪੁਰਜੋਰ ਮੰਗ ਕਰਦੀ ਹੈ ਕਿ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਨੂੰ ਘਟਾ ਕੇ ਉਮਰ ਕੈਦ ਵਿਚ ਤਬਦੀਲ ਕਰਨ ਸਬੰਧੀ ਦਿੱਤੇ ਸਰਕਾਰੀ ਬਿਆਨ ਤੋਂ ਪਿੱਛੇ ਨਾ ਹਟਿਆ ਜਾਵੇ ਅਤੇ ਉਸ ਨੂੰ ਤੁਰੰਤ ਲਾਗੂ ਕੀਤਾ ਜਾਵੇ। ਕਿਉਂਕਿ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਉਮਰ ਕੈਦ ਦੇ ਨਿਯਮਤ ਅਰਸੇ ਤੋਂ ਕਾਫੀ ਵੱਧ ਸਮਾਂ ਪਹਿਲਾ ਹੀ ਜੇਲ੍ਹ ਵਿਚ ਗੁਜ਼ਾਰ ਲਿਆ ਹੈ ਇਸਲਈ ਉਨ੍ਹਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ।